pstcl
PUNJAB STATE TRANSMISSION CORPORATION LIMITED ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਸ਼ਕਤੀ ਸਦਨ, ਪਟਿਆਲਾ।
ਟੈਲੀਫ਼ੂਨ ਨੰ:- 0175-2970693 ਈ-ਮੇਲ: se-admin@pstcl.org ਵੈਬਸਾਇਟ : www.pstcl.org

ਦਫਤਰੀ ਹੁਕਮ ਨੰ: 602 / Appeal-CS-03 ਮਿਤੀ: 21-08-2023

ਜਿਵੇਂ ਕਿ ਸ੍ਰੀ ਸਵਰਣ ਸਿੰਘ ਪੁੱਤਰ ਸ੍ਰੀ ਸ਼ਿਵ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 (ਰਿਟਾਇਰਮੈਂਟ ਦੀ ਮਿਤੀ 30.09.2006) ਵੱਲੋਂ ਟੀ.ਐਲ.ਐਸ.ਸੀ. ਉਪ ਮੰਡਲ, ਪੀ.ਐਸ.ਈ.ਬੀ., ਪਠਾਨਕੋਟ ਦੀ ਤੈਨਾਤੀ ਦੌਰਾਨ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਗਈਆਂ ਗਲਤੀਆਂ/ ਅਣਗਹਿਲੀਆਂ ਕਰਕੇ, ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 ਅਤੇ ਹੋਰ ਵਿਰੁੱਧ ਹੋਈ ਐਫ.ਆਈ.ਆਰ. ਉਪਰੰਤ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 ਸਮੇਤ ਹੋਰ ਵਿਰੁੱਧ 'Criminal Case No. 49 of 2004', ਜੂਡੀਸ਼ੀਅਲ ਮੈਜੀਸਟਰੇਟ 1st ਕਲਾਸ, ਬਟਾਲਾ ਜੀ ਦੀ ਅਦਾਲਤ ਵਿੱਚ ਆਰੰਭ ਹੋਇਆ ਸੀ।

ਜਿਵੇਂ ਕਿ ਉਪਰੋਕਤ ਐਫ.ਆਈ.ਆਰ. ਦੇ ਮੱਦੇਨਜਰ, ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 ਨੂੰ ਸੀਨੀ:ਕਾ:ਕਾ:ਇੰਜੀਨੀਅਰ/ ਟੀ.ਐਲ.ਐਸ.ਸੀ. ਮੰਡਲ, ਪੀ.ਐਸ.ਈ.ਬੀ., ਜਲੰਧਰ ਅਧੀਨ ਮੁੱਖ ਇੰਜੀਨੀਅਰ/ ਟੀ.ਐਲ., ਪੰ:ਰਾ:ਬਿ:ਬੋ:, (ਹੁਣ ਪੀ.ਐਸ.ਟੀ.ਸੀ.ਐਲ.) ਪਟਿਆਲਾ ਵੱਲੋਂ ਦਫਤਰੀ ਹੁਕਮ ਨੰ. 97 ਮਿਤੀ 21.05.2003 ਰਾਹੀਂ ਡਿਊਟੀ ਤੋਂ ਤਤਕਾਲ ਪ੍ਰਭਾਵ ਤੋਂ ਮੁਅੱਤਲ ਕੀਤਾ ਗਿਆ ਸੀ ਅਤੇ ਮੁਅੱਤਲੀ ਸਮੇਂ ਕਰਮਚਾਰੀ ਦਾ ਹੈੱਡਕੁਆਟਰ ਟੀ.ਐਲ.ਐਸ.ਸੀ. ਹਲਕਾ, ਜਲੰਧਰ ਵਿਖੇ ਫਿਕਸ ਕੀਤਾ ਗਿਆ ਸੀ।

ਜਿਵੇਂ ਕਿ ਉਪਰੋਕਤ ਮੁੱਅਤਲੀ ਦੌਰਾਨ ਸ੍ਰੀ ਸਵਰਨ ਸਿੰਘ, ਰਿਟਾਇਰਡ ਜੇ.ਈ.-2 ਨੂੰ ਮੁੱਖ ਇੰਜੀਨੀਅਰ/ ਟੀ.ਐਲ., ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ ਵੱਲੋਂ ਦੋਸ਼ ਸੂਚੀ ਨੰ: 3803/ ਟੀ.ਐਲ. ਗੁਪਤ-238 ਮਿਤੀ 25.09.2003 ਬਾਬਤ 'shortage of dismantled material i.e. rail poles which were dismantled from various locations of 132 KV Fatehgarh Churian-Batala Line amounting to Rs. 9,05,915/-' ਜਾਰੀ ਕੀਤੀ ਗਈ ਸੀ।

ਜਿਵੇਂ ਕਿ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਵੱਲੋਂ ਦਫਤਰੀ ਹੁਕਮ ਨੰ. 33 ਮਿਤੀ 05.03.2004 ਰਾਹੀਂ ਸ੍ਰੀ ਸਵਰਣ ਸਿੰਘ ਨੂੰ ਬੋਰਡ ਦੀਆਂ ਸੇਵਾਵਾਂ ਲਈ ਬਹਾਲੀ ਦੇ ਹੁਕਮ ਜਾਰੀ ਕੀਤੇ ਗਏ।

ਜਿਵੇਂ ਕਿ ਸ੍ਰੀ ਸਵਰਣ ਸਿੰਘ ਮਿਤੀ 30.09.2006 ਨੂੰ ਬੋਰਡ ਦੀਆਂ ਸੇਵਾਵਾਂ ਤੋਂ ਰਿਟਾਇਰਡ ਹੋ ਗਿਆ ਸੀ।

ਜਿਵੇਂ ਕਿ ਜੂਡੀਸ਼ੀਅਲ ਮੈਜੀਸਟਰੇਟ 1st ਕਲਾਸ, ਬਟਾਲਾ ਜੀ ਦੀ ਅਦਾਲਤ ਵੱਲੋਂ ਮਿਤੀ 27.03.2012 ਨੂੰ 'Criminal Case No. 49 of 2004' ਦਾ ਫੈਸਲਾ ਕਰਦੇ ਹੋਏਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 ਸਮੇਤ ਹੋਰ ਨੂੰ ਬਰੀ (acquit) ਕਰ ਦਿਤਾ ਗਿਆ ਸੀ।

ਜਿਵੇਂ ਕਿ ਉਸ ਉਪਰੰਤ ਕਰਮਚਾਰੀ ਵਿਰੁੱਧ ਦੋਸ਼ ਸੂਚੀ ਨੰ: 3803 ਮਿਤੀ 25.09.2003 ਦਾ ਫੈਸਲਾ ਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਦੇ ਦਫਤਰੀ ਹੁਕਮ ਨੰ: 213 / ਮੁੱਖ ਇੰਜੀ/ ਟੀ.ਐਸ. ਮਿਤੀ 27.11.2015 ਰਾਹੀਂ ਹੇਠ ਲਿਖੇ ਅਨੁਸਾਰ ਕੀਤਾ ਗਿਆ ਸੀ:

"I) *Amount of Rs. 5,49,232/- may be recovered from the pending dues of the employee.*

II) *5% pension be deducted for one year as a punishment for the act of omission."*

ਜਿਵੇਂ ਕਿ ਸ੍ਰੀ ਸਵਰਣ ਸਿੰਘ, ਜੇਈ (ਰਿਟਾਇਰਡ) ਵੱਲੋਂ ਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰੀ ਹੁਕਮ ਨੰ: 213 ਮਿਤੀ 27.11.2015 ਵਿਰੁੱਧ ਅਪੀਲ, ਮਾਨਯੋਗ ਪ੍ਰਬੰਧਕੀ ਮੈਂਬਰ (ਏ.ਐਮ.), ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੀ.ਐਸ.ਟੀ.ਸੀ.ਐਲ.) ਪਟਿਆਲਾ ਜੀ ਨੂੰ ਕੀਤੀ ਗਈ ਸੀ।



......ਪਰਤੋ ਜੀ.....

ਜਿਵੇਂ ਕਿ ਅਪੀਲੀ ਅਧਿਕਾਰੀ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ ਜੀ ਵੱਲੋਂ ਉਪਰੋਕਤ ਅਪੀਲ ਸਬੰਧੀ ਮੁੰਕਮਲ ਸੰਕਲਿਤ ਕੇਸ ਨੂੰ ਵਾਚਣ ਉਪਰੰਤ ਸ੍ਰੀ ਸਵਰਨ ਸਿੰਘ, ਜੇਈ (ਰਿਟਾਇਰਡ) ਵੱਲੋਂ ਕੀਤੀ ਗਈ ਅਪੀਲ ਦੇ ਸਬੰਧ ਵਿੱਚ *'recovered amount of Rs. 5,49,432/- vide CE/ TS/ O/order no. 213 dtd. 27.11.2015 be reduced to 50% without any benefit of interest'* ਦਾ ਫੈਸਲਾ ਜਾਰੀ ਕੀਤਾ ਗਿਆ ਸੀ। ਇਸ ਫੈਂਸਲੇ ਦੇ ਮੱਦੇਨਜਰ, ਇਸ ਦਫਤਰ ਵੱਲੋਂ ਦਫਤਰੀ ਹੁਕਮ ਨੰ:88 ਮਿਤੀ 03.02.2021 ਜਾਰੀ ਕੀਤਾ ਗਿਆ ਸੀ।

ਜਿਵੇਂ ਕਿ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਵਲੋਂ ਦਫਤਰੀ ਹੁਕਮ ਨੰ. 80 ਮਿਤੀ 16.03.2016 ਰਾਹੀਂ ਸ੍ਰੀ ਸਵਰਨ ਸਿੰਘ ਦੇ ਮੁਅੱਤਲੀ ਸਮੇਂ (ਮਿਤੀ 21.05.2003 ਤੋਂ ਲੈ ਕੇ ਮਿਤੀ 21.04.2004 ਤੱਕ) ਨੂੰ ਬਣਦੀ ਛੁੱਟੀ ਵਿੱਚ ਰੈਗੂਲਰਾਈਜ਼ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

ਜਿਵੇਂ ਕਿ ਸ੍ਰੀ ਸਵਰਨ ਸਿੰਘ, ਜੇ.ਈ.-2 (ਰਿਟਾਇਰਡ) ਵੱਲੋਂ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਉਪਰੋਕਤ ਦਫਤਰੀ ਹੁਕਮ ਨੰ: 80 ਮਿਤੀ 16.03.2016 ਵਿਰੁੱਧ ਅਪੀਲ ਕੀਤੀ ਗਈ, ਜਿਹੜੀ ਕਿ ਇਸ ਦਫਤਰ ਵਿਖੇ ਡਾਇਰੀ ਨੰ. 7527 ਮਿਤੀ 03.12.2020 ਰਾਹੀਂ ਪ੍ਰਾਪਤ ਹੋਈ ਸੀ।

ਜਿਵੇਂ ਕਿ ਕੀਤੀ ਗਈ ਅਪੀਲ ਤੇ ਸਬੰਧਤ ਕੰਟਰੋਲਿੰਗ ਦਫਤਰ (ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ) ਵਲੋਂ ਟਿੱਪਣੀਆਂ ਦਿਤੀਆਂ ਗਈਆਂ। ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਵੱਲੋਂ ਟਿਪਣੀਆਂ ਪ੍ਰਾਪਤ ਹੋਣ ਉਪਰੰਤ, ਅਪੀਲ ਸਬੰਧੀ ਮੁਕੰਮਲ ਕੇਸ ਉੱਤੇ ਪੀ.ਐਸ.ਟੀ.ਸੀ.ਐਲ. ਦੇ ਲੀਗਲ ਭਾਗ ਤੋਂ ਲੀਗਲ ਸੇਧ ਲਈ ਗਈ।

ਜਿਵੇਂ ਕਿ ਲੀਗਲ ਭਾਗ ਤੋਂ ਲੀਗਲ ਸੇਧ ਪ੍ਰਾਪਤ ਹੋਣ ਉਪਰੰਤ, ਅਪੀਲ ਸਬੰਧੀ ਮੁਕੰਮਲ ਕੇਸ ਨੂੰ ਅਪੀਲੀ ਅਧਿਕਾਰੀ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ ਹਿੱਤ ਪੇਸ਼ ਕੀਤਾ ਗਿਆ।

ਜਿਵੇਂ ਕਿ ਅਪੀਲੀ ਅਧਿਕਾਰੀ ਵੱਲੋਂ ਪ੍ਰਾਪਤ ਹੋਏ ਦਿਸ਼ਾ-ਨਿਰਦੇਸ਼ ਦੇ ਮੱਦੇਨਜਰ, ਸ੍ਰੀ ਸਵਰਨ ਸਿੰਘ ਵੱਲੋਂ ਕੀਤੀ ਗਈ ਅਪੀਲ ਨਾਲ ਸਬੰਧਤ ਫਾਇਲ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰ ਨੂੰ ਪੀ.ਐਸ.ਟੀ.ਸੀ.ਐਲ. ਦੇ ਪ੍ਰਚਲਿਤ ਨਿਯਮਾਂ ਅਤੇ ਰੈਗੂਲੇਸ਼ਨਾ ਅਨੁਸਾਰ ਅਗਲੇਰੀ ਕਾਰਵਾਈ ਕਰਨ ਹਿੱਤ ਭੇਜ ਦਿੱਤੀ ਗਈ। ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ. ਵੱਲੋਂ ਸ੍ਰੀ ਸਵਰਨ ਸਿੰਘ ਨੂੰ ਆਪਣੇ ਦਫਤਰ ਵਿਖੇ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ।

ਜਿਵੇਂ ਕਿ ਸ੍ਰੀ ਸਵਰਨ ਸਿੰਘ ਵੱਲੋਂ ਨਿੱਜੀ ਸੁਣਵਾਈ ਦੌਰਾਨ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਆਪਣਾ ਲਿਖਤੀ ਪੱਖ ਪੇਸ਼ ਕੀਤਾ ਗਿਆ।

ਜਿਵੇਂ ਕਿ ਉਪਰੋਕਤ ਨਿੱਜੀ ਸੁਣਵਾਈ ਉਪਰੰਤ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ. ਦੇ ਦਫਤਰ ਤੋਂ ਟਿੱਪਣੀਆਂ ਪ੍ਰਾਪਤ ਹੋਈਆਂ। ਇਸ ਦੌਰਾਨ ਹੀ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2, ਆਈ.ਡੀ.ਨੰ: 309059 ਦਾ ਇੱਕ ਹੋਰ ਬੇਨਤੀ ਪੱਤਰ ਇਸ ਦਫਤਰ ਵਿਖੇ ਡਾਇਰੀ ਨੰ. 1606 ਮਿਤੀ 28.02.2023 ਰਾਹੀਂ ਪ੍ਰਾਪਤ ਹੋਇਆ, ਜਿਸ ਦੇ ਮੱਦੇਨਜਰ, ਮੁਕੰਮਲ ਕੇਸ ਨੂੰ ਅਪੀਲੀ ਅਧਿਕਾਰੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ ਹਿੱਤ ਪੇਸ਼ ਕੀਤਾ ਗਿਆ।

ਜਿਵੇਂ ਕਿ ਅਪੀਲੀ ਅਧਿਕਾਰੀ ਵੱਲੋਂ ਸਾਰੇ ਮੁਕੰਮਲ ਸੰਕਲਿਤ ਕੇਸ ਨੂੰ ਵਾਚਣ ਉਪਰੰਤ ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਅਬਲੋਵਾਲ ਨੂੰ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2 ਨੂੰ ਆਪਣੇ ਸਨਮੁੱਖ ਨਿੱਜੀ ਸੁਣਵਾਈ ਦਾ ਇੱਕ ਹੋਰ ਮੌਕਾ ਦੇਣ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

ਜਿਵੇਂ ਕਿ ਉਪਰੋਕਤ ਹੁਕਮਾਂ ਦੀ ਪਾਲਣਾ ਹਿੱਤ ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ. ਵੱਲੋਂ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2 ਨੂੰ ਆਪਣੇ ਸਨਮੁੱਖ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2 ਵੱਲੋਂ ਨਿੱਜੀ ਸੁਣਵਾਈ ਦੌਰਾਨ ਆਪਣਾ ਪੱਖ ਪੇਸ਼ ਕੀਤਾ ਗਿਆ।



......ਪਰਤੋ ਜੀ.....

ਜਿਵੇਂ ਕਿ ਉਪਰੋਕਤ ਨਿੱਜੀ ਸੁਣਵਾਈ ਉਪਰੰਤ ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ. ਤੋਂ ਪ੍ਰਾਪਤ ਹੋਈਆ ਟਿੱਪਣੀਆਂ ਸਮੇਤ ਅਪੀਲ ਸਬੰਧੀ ਮੁਕੰਮਲ ਸੰਕਲਿਤ ਕੇਸ ਨੂੰ ਅਪੀਲੀ ਅਧਿਕਾਰੀ ਦੇ ਸਨਮੁੱਖ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਕੀਤਾ ਗਿਆ।

ਜਿਵੇਂ ਕਿ ਪੀ.ਐਸ.ਟੀ.ਸੀ.ਐਲ. ਦੇ ਪ੍ਰਚਲਿਤ ਰੈਗੂਲੇਸ਼ਨਾ ਜਿਵੇਂ ਕਿ ਪੀ.ਐਸ.ਈ.ਬੀ. ਕਰਮਚਾਰੀ ਸਜ਼ਾਂ ਅਤੇ ਅਪੀਲ ਰੈਗੂਲੇਸ਼ਨਜ਼, 1971 ਅਨੁਸਾਰ ਅਪੀਲ ਨੂੰ ਦਾਇਰ ਕਰਨ ਦੇ ਨਿਰਧਾਰਤ ਸਮੇਂ i.e. 90 ਦਿਨਾ ਤੋਂ ਬਾਦ ਸ੍ਰੀ ਸਵਰਣ ਸਿੰਘ, ਰਿਟਾਇਰਡ ਜੇਈ-2 ਦੀ ਅਪੀਲ (i.e. ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ. ਦੇ ਦਫਤਰੀ ਹੁਕਮ ਨੰ. 80 ਮਿਤੀ 16.03.2016 ਦੇ ਵਿਰੁੱਧ ਅਪੀਲ) ਇਸ ਦਫਤਰ ਵਿਖੇ ਪ੍ਰਾਪਤ ਹੋਈ ਸੀ, ਜਿਸ ਦੇ ਮੱਦੇਨਜਰ, *'ਅਪੀਲਾਂ ਦਾ ਸਮਾ ਸੀਮਾ'* ਅਤੇ *'ਸਮਾਂ ਸੀਮਾ ਵਿੱਚ ਛੋਟ ਦੇਣ ਅਤੇ ਦੇਰੀ ਨੂੰ ਅਣਡਿੱਠ ਕਰਨ ਦੇ ਅਖਤਿਆਰ'* ਸਬੰਧੀ ਵਿਨਿਯਮਾਂ ਨੂੰ ਵੀ ਅਪੀਲ ਸਬੰਧੀ ਮੁਕੰਮਲ ਸੰਕਲਿਤ ਕੇਸ ਦੇ ਨਾਲ ਅਪੀਲੀ ਅਧਿਕਾਰੀ ਦੇ ਸਨਮੁੱਖ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਕੀਤਾ ਗਿਆ ਸੀ।

ਜਿਵੇਂ ਕਿ ਅਪੀਲੀ ਅਧਿਕਾਰੀ ਵੱਲੋਂ ਸਾਰੇ ਮੁਕੰਮਲ ਸੰਕਲਿਤ ਕੇਸ ਸਮੇਤ ਨਿੱਜੀ ਸੁਣਵਾਈਆ ਉਪਰੰਤ ਪ੍ਰਾਪਤ ਹੋਈਆ ਟਿੱਪਣੀਆਂ, ਲੀਗਲ ਸੇਧ ਅਤੇ ਕਰਮਚਾਰੀ ਵਲੋਂ ਨਿੱਜੀ ਸੁਣਵਾਈਆਂ ਦੌਰਾਨ ਦਿੱਤੇ ਗਏ ਜੁਬਾਨੀ/ ਲਿਖਤੀ ਪੱਖਾਂ ਨੂੰ ਵਾਚਣ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:-

*"1. The concerned delay period is hereby condoned.*

*2. Personal Hearing to Sh. Sawran Singh was given by the undersigned on dated 26.07.2023. After listening to the retired official's version on dated 26.07.2023; perusal of the report given by CE/SLDC & CE/ TS who also gave the personal hearing to Sh. Sawran Singh and going through the record, it has been decided to reject the appeal filed by Sh Swaran Singh."*

ਇਸ ਲਈ, ਹੁਣ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮ: ਸ੍ਰੀ ਸਵਰਣ ਸਿੰਘ, ਜੇਈ-2 (ਰਿਟਾਇਰਡ), ਆਈ.ਡੀ. 309059 ਵੱਲੋਂ ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ. ਦੇ ਦਫਤਰੀ ਹੁਕਮ ਨੰ. 80 ਮਿਤੀ 16.03.2016 ਦੇ ਵਿਰੁੱਧ ਅਪੀਲ ਦਾਇਰ ਕਰਨ ਵਿੱਚ ਕੀਤੀ ਦੇਰੀ ਨੂੰ ਅਣਡਿੱਠ ਕਰਨ ਉਪਰੰਤ ਇਸ ਅਪੀਲ ਨੂੰ ਰੱਦ ਕਰਨ ਦੇ ਹੁਕਮ ਜਾਰੀ ਕਰਦਾ ਹੈ।

ਇਹ ਅਪੀਲੀ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

18/8/2023

ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ ।

ਪਿੱਠ ਅੰਕਣ ਨੰ: 11737/50 / Appeal-CS-03 ਮਿਤੀ : 21-8-23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ :-

1) ਮੁੱਖ ਇੰਜੀਨੀਅਰ / ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ।
2) ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
3) ਮੁੱਖ ਇੰਜਨੀਅਰ/ ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਮੁੱਖ ਲੇਖਾ ਅਫਸਰ/ ਪੈਨਸ਼ਨ ਆਡਿਟ-1 ਭਾਗ, ਪੀ.ਐਸ.ਪੀ.ਸੀ.ਐਲ., ਪਟਿਆਲਾ।



......ਪਰਤੋ ਜੀ.....

5) ਉਪ ਮੁੱਖ ਇੰਜੀਨੀਅਰ/ ਟੀ.ਐਲ.ਐਸ.ਸੀ. ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ 1 ਨੰ: ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸ੍ਰੀ ਸਵਰਣ ਸਿੰਘ, (ਰਿਟਾਇਰਡ ਜੇਈ) ਨੂੰ ਵਾਧੂ ਕਾਪੀ ਸੌਂਪ ਕੇ ਉਨ੍ਹਾਂ ਦੀ ਪ੍ਰਾਪਤੀ ਰਸੀਦ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ।

6) ਉਪ ਮੁੱਖ ਇੰਜੀਨੀਅਰ/ ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ., ਪਟਿਆਲਾ।

7) ਉਪ ਮੁੱਖ ਲੇਖਾ ਅਫਸਰ/ ਪੈਨਸ਼ਨ ਤੇ ਫੰਡਜ, ਪੀ.ਐਸ.ਪੀ.ਸੀ.ਐਲ., ਪਟਿਆਲਾ।

ਰਜਿਸਟਰਡ

8) ਵਧੀਕ ਨਿਗਰਾਨ ਇੰਜੀਨੀਅਰ/ ਟੀ.ਐਲ.ਐਸ.ਸੀ.ਮੰਡਲ, ਪੀ.ਐਸ.ਟੀ.ਸੀ.ਐਲ., ਜਲੰਧਰ।

9) ਵਧੀਕ ਨਿਗਰਾਨ ਇੰਜੀਨੀਅਰ/ ਵੰਡ ਮੰਡਲ, ਪੀ.ਐਸ.ਪੀ.ਸੀ.ਐਲ., ਪੱਟੀ, ਪਿੰਨ-143416

10) ਵਧੀਕ ਨਿਗਰਾਨ ਇੰਜੀਨੀਅਰ/ ਵੰਡ ਮੰਡਲ, ਪੀ.ਐਸ.ਪੀ.ਸੀ.ਐਲ., ਧਾਰੀਵਾਲ।

11) ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ., ਪੱਟੀ।

12) ਉਪ ਸਕੱਤਰ/ ਲੀਗਲ, ਪੀ.ਐਸ.ਟੀ.ਸੀ.ਐਲ., ਪਟਿਆਲਾ।

ਰਜਿਸਟਰਡ

13) ਸਹਾਇਕ ਕਾਰਜਕਾਰੀ ਇੰਜੀਨੀਅਰ/ ਟੀ.ਐਲ.ਐਸ.ਸੀ., ਉਪ ਮੰਡਲ, ਪਠਾਨਕੋਟ।

14) ਸ੍ਰੀ ਸਵਰਣ ਸਿੰਘ ਪੁੱਤਰ ਸ੍ਰੀ ਸ਼ਿਵ ਸਿੰਘ (ਰਿਟਾਇਰਡ ਜੇ.ਈ.),ਪਿੰਡ ਕਲੇਰ ਖੁਰਦ, ਡਾਕਖਾਨਾ ਕਲੇਰ ਕਲਾਂ,ਜਿਲਾ-ਗੁਰਦਾਸਪੁਰ, ਮੋਬਾਇਲ ਨੰ. 9855814727

18/8/2023

ਉਪ ਮੁੱਖ ਇੰਜੀਨੀਅਰ/ਐਚ.ਆਰ. ਅਤੇ ਪ੍ਰਬੰਧਕੀ ,
ਪੀ.ਐਸ.ਟੀ.ਸੀ.ਐਲ,ਪਟਿਆਲਾ ।

11751/52
21-8-23

ਕਾਪੀ:

1) ਸੀਨੀ. ਨਿੱਜੀ ਸਕੱਤਰ ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।

2) ਸੀਨੀ. ਨਿੱਜੀ ਸਕੱਤਰ ਟੂ ਡਾਇਰੈਕਟਰ/ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ।